This VIS translation is out of date. When you give your patient this translation, also give them the up-to-date English version of it.
To get both, and to find out what was updated, go to www.immunize.org/vis

# ਪੋਲੀਓ ਦਾ ਟੀਕਾ

## ਤੁਹਾਨੂੰ ਕੀ ਜਾਣਨ ਦੀ ਲੋੜ ਹੈ

## 1 ਪੋਲੀਓ ਕੀ ਹੈ?

**ਪੋਲੀਓ ਇਕ ਵਾਇਰਸ ਨਾਲ ਹੋਣ ਵਾਲੀ ਬੀਮਾਰੀ ਹੈ।** ਇਹ ਵਾਇਰਸ, ਕਿਸੇ ਬੱਚੇ (ਜਾਂ ਬਾਲਗ) ਦੇ ਸਰੀਰ ਵਿਚ ਮੂੰਹ ਰਾਹੀਂ ਦਾਖਲ ਹੁੰਦਾ ਹੈ। ਕਦੇ ਕਦੇ ਇਸ ਨਾਲ ਕੋਈ ਗੰਭੀਰ ਬੀਮਾਰੀ ਨਹੀਂ ਹੁੰਦੀ। ਪਰ ਕਦੇ ਕਦੇ ਇਸ ਨਾਲ ਅਧਰੰਗ ਹੋ ਜਾਂਦਾ ਹੈ (ਬਾਂਹ ਜਾਂ ਲੱਤ ਹਿਲਾ ਨਾ ਸਕਣਾ)। ਇਸ ਨਾਲ ਬੀਮਾਰੀ ਲੱਗੇ ਲੋਕਾਂ ਦੀ ਮੌਤ ਹੋ ਸਕਦੀ ਹੈ, ਅਤੇ ਅਜਿਹਾ ਆਮ ਤੌਰ ਤੇ ਉਨ੍ਹਾਂ ਪੱਠਿਆਂ ਨੂੰ ਅਧਰੰਗ ਹੋਣ ਨਾਲ ਹੁੰਦਾ ਹੈ, ਜਿਹੜੇ ਉਨ੍ਹਾਂ ਵਿਅਕਤੀਆਂ ਦੀ ਸਾਹ ਲੈਣ ਵਿਚ ਮਦਦ ਕਰਦੇ ਹਨ।

ਯੂਨਾਈਟਡ ਸਟੇਟਸ ਵਿਚ ਇਕ ਵੇਲੇ, ਪੋਲੀਓ ਇਕ ਆਮ ਬੀਮਾਰੀ ਹੁੰਦੀ ਸੀ। ਇਸ ਦਾ ਟੀਕਾ (ਵੈਕਸੀਨ) ਲੱਭਣ ਤੋਂ ਇਕ ਸਾਲ ਪਹਿਲਾਂ, ਇਸ ਬੀਮਾਰੀ ਨਾਲ ਹਜ਼ਾਰਾਂ ਲੋਕਾਂ ਨੂੰ ਅਧਰੰਗ ਹੋਇਆ ਅਤੇ ਇਹ ਬੀਮਾਰੀ ਉਨ੍ਹਾਂ ਦੀ ਮੌਤ ਦਾ ਕਾਰਨ ਬਣੀ।

## 2 ਟੀਕਾ ਕਿਉਂ ਲਵਾਉਣਾ ਹੈ?

**ਪੋਲੀਓ ਦਾ ਟੀਕਾ (IPV) ਪੋਲੀਓ ਤੋਂ ਬਚਾਅ ਕਰ ਸਕਦਾ ਹੈ।**

**ਇਤਿਹਾਸ:** 1916 ਵਿਚ, ਯੂਨਾਈਟਡ ਸਟੇਟਸ ਵਿਚ ਪੋਲੀਓ ਦੀ ਬੀਮਾਰੀ ਫੈਲਣ ਨਾਲ 6,000 ਲੋਕਾਂ ਦੀ ਮੌਤ ਹੋਈ ਅਤੇ ਹੋਰ 27,000 ਲੋਕਾਂ ਨੂੰ ਅਧਰੰਗ ਹੋਇਆ। 1950ਵਿਆਂ ਦੇ ਸ਼ੁਰੂ ਵਿਚ ਹਰ ਸਾਲ 20,000 ਤੋਂ ਵੀ ਜ਼ਿਆਦਾ ਪੋਲੀਓ ਦੇ ਕੇਸ ਹੁੰਦੇ ਸਨ। **ਪੋਲੀਓ ਦੇ ਟੀਕੇ 1955 ਵਿਚ ਲੱਗਣੇ ਸ਼ੁਰੂ ਹੋਏ।** 1960 ਤੱਕ ਪੋਲੀਓ ਦੇ ਕੇਸਾਂ ਦੀ ਗਿਣਤੀ ਘੱਟ ਕੇ ਤਕਰੀਬਨ 3,000 ਹੋ ਗਈ ਅਤੇ 1979 ਤੱਕ ਇਹ ਗਿਣਤੀ ਤਕਰੀਬਨ 10 ਸੀ। ਯੂ.ਐੱਸ ਅਤੇ ਹੋਰ ਦੇਸ਼ਾਂ ਵਿਚ ਪੋਲੀਓ ਦੇ ਟੀਕੇ ਦੀ ਕਾਮਯਾਬੀ ਨਾਲ, ਪੋਲੀਓ ਨੂੰ ਖਤਮ ਕਰਨ ਲਈ ਦੁਨੀਆਂ ਭਰ ਵਿਚ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ।

**ਅੱਜ:** ਯੂਨਾਈਟਡ ਸਟੇਟਸ ਵਿਚ ਪਿਛਲੇ 20 ਸਾਲਾਂ ਤੋਂ ਪੋਲੀਓ ਫੈਲਣ ਦੀ ਖਬਰ ਨਹੀਂ ਮਿਲੀ। ਪਰ ਇਹ ਬੀਮਾਰੀ, ਦੁਨੀਆਂ ਦੇ ਕੁਝ ਹਿੱਸਿਆਂ ਵਿਚ ਅਜੇ ਵੀ ਆਮ ਹੈ। ਜੇ ਅਸੀਂ ਟੀਕਿਆਂ ਨਾਲ ਆਪਣੀ ਸੁਰੱਖਿਆ ਨਾ ਕਰੀਏ ਤਾਂ ਕਿਸੇ ਦੂਜੇ ਦੇਸ਼ ਵਿਚੋਂ ਬੀਮਾਰੀ ਦਾ ਇਕ ਕੇਸ ਆਉਣ ਨਾਲ ਹੀ ਇਹ ਬੀਮਾਰੀ ਵਾਪਸ ਆ ਸਕਦੀ ਹੈ। ਦੁਨੀਆਂ ਭਰ ਵਿਚੋਂ ਪੋਲੀਓ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਜੇ ਸਫਲ ਹੋ ਗਈਆਂ ਤਾਂ ਇਕ ਦਿਨ ਸਾਨੂੰ ਪੋਲੀਓ ਦੇ ਟੀਕੇ ਦੀ ਲੋੜ ਨਹੀਂ ਪਵੇਗੀ। ਉਦੋਂ ਤੱਕ, ਸਾਨੂੰ ਆਪਣੇ ਬੱਚਿਆਂ ਦੇ ਇਹ ਟੀਕੇ ਲਵਾਈ ਜਾਣ ਦੀ ਲੋੜ ਹੈ।

## 3 ਪੋਲੀਓ ਦਾ ਟੀਕਾ ਕਿਸ ਨੂੰ ਅਤੇ ਕਦੋਂ ਲਵਾਉਣਾ ਚਾਹੀਦਾ ਹੈ?

IPV, ਇਕ ਟੀਕਾ ਹੁੰਦਾ ਹੈ ਜੋ ਕਿ ਉਮਰ ਦੇ ਮੁਤਾਬਕ, ਲੱਤ ਜਾਂ ਬਾਂਹ ਵਿਚ ਲਾਇਆ ਜਾਂਦਾ ਹੈ। ਪੋਲੀਓ ਦਾ ਟੀਕਾ ਦੂਜੀਆਂ ਵੈਕਸੀਨਾਂ ਦੇ ਨਾਲ ਹੀ ਲਾਇਆ ਜਾ ਸਕਦਾ ਹੈ।

**ਬੱਚੇ**

ਬਹੁਤੇ ਲੋਕਾਂ ਦੇ ਪੋਲੀਓ ਦਾ ਟੀਕਾ ਬਚਪਨ ਵਿਚ ਲੱਗਣਾ ਚਾਹੀਦਾ ਹੈ। ਬੱਚਿਆਂ ਦੇ ਇਨ੍ਹਾਂ ਉਮਰਾਂ ਤੇ IPV ਦੇ 4 ਟੀਕੇ ਲੱਗਦੇ ਹਨ:

✔ ਇਕ ਟੀਕਾ 2 ਮਹੀਨੇ ਦੀ ਉਮਰ ਤੇ
✔ ਇਕ ਟੀਕਾ 6-18 ਮਹੀਨੇ ਦੀ ਉਮਰ ਵਿਚਕਾਰ
✔ ਇਕ ਟੀਕਾ 4 ਮਹੀਨੇ ਦੀ ਉਮਰ ਤੇ
✔ ਇਕ ਟੀਕਾ (ਬੂਸਟਰ) 4-6 ਸਾਲ ਦੀ ਉਮਰ ਵਿਚਕਾਰ

**ਬਾਲਗ**

ਬਹੁਤੇ ਬਾਲਗਾਂ ਨੂੰ ਪੋਲੀਓ ਦੇ ਟੀਕੇ ਦੀ ਲੋੜ ਨਹੀਂ ਹੁੰਦੀ ਕਿਉਂਕਿ ਉਨ੍ਹਾਂ ਦੇ ਟੀਕੇ ਬਚਪਨ ਵਿਚ ਹੀ ਲੱਗ ਗਏ ਸਨ। ਪਰ ਬਾਲਗਾਂ ਦੇ ਤਿੰਨ ਗਰੁੱਪਾਂ ਜ਼ਿਆਦਾ ਖਤਰੇ ਵਿਚ ਹਨ ਅਤੇ ਉਨ੍ਹਾਂ ਨੂੰ ਪੋਲੀਓ ਦਾ ਟੀਕਾ ਲਵਾਉਣ ਬਾਰੇ ਸੋਚਣਾ ਚਾਹੀਦਾ ਹੈ:

(1) ਦੁਨੀਆਂ ਦੇ ਉਨ੍ਹਾਂ ਇਲਾਕਿਆਂ ਵਿਚ ਜਾਣ ਵਾਲੇ ਲੋਕ, ਜਿੱਥੇ ਪੋਲੀਓ ਆਮ ਹੈ,
(2) ਲੈਬਾਰਟਰੀ ਵਿਚ ਕੰਮ ਕਰਨ ਵਾਲੇ ਵਰਕਰ, ਜਿਹੜੇ ਪੋਲੀਓ ਦੇ ਵਾਇਰਸ ਦੇ ਸੰਪਰਕ ਵਿਚ ਆਉਂਦੇ ਹਨ, ਅਤੇ
(3) ਉਨ੍ਹਾਂ ਮਰੀਜ਼ਾਂ ਦਾ ਇਲਾਜ ਕਰਨ ਵਾਲੇ ਹੈਲਥ ਕੇਅਰ ਵਰਕਰ, ਜਿਨ੍ਹਾਂ ਨੂੰ ਪੋਲੀਓ ਹੋ ਸਕਦਾ ਹੈ।

ਇਨ੍ਹਾਂ ਤਿੰਨ ਗਰੁੱਪਾਂ ਦੇ ਜਿਨ੍ਹਾਂ ਬਾਲਗਾਂ ਨੇ **ਪੋਲੀਓ ਦੇ ਖਿਲਾਫ ਕਦੇ ਵੀ ਟੀਕਾ ਨਹੀਂ ਲਵਾਇਆ,** ਉਨ੍ਹਾਂ ਨੂੰ IPV ਦੇ ਤਿੰਨ ਟੀਕੇ ਲਵਾਉਣੇ ਚਾਹੀਦੇ ਹਨ:

✔ ਪਹਿਲਾ ਟੀਕਾ ਕਿਸੇ ਵੀ ਵੇਲੇ
✔ ਦੂਜਾ ਟੀਕਾ ਇਸ ਤੋਂ 1 ਤੋਂ 2 ਮਹੀਨੇ ਬਾਅਦ,
✔ ਤੀਜਾ ਟੀਕਾ ਦੂਜੇ ਟੀਕੇ ਤੋਂ 6 ਤੋਂ 12 ਮਹੀਨੇ ਬਾਅਦ।

ਇਨ੍ਹਾਂ ਤਿੰਨਾਂ ਗਰੁੱਪਾਂ ਦੇ ਜਿਨ੍ਹਾਂ ਬਾਲਗਾਂ ਨੇ ਪਹਿਲਾਂ, ਪੋਲੀਓ ਦੇ **1 ਜਾਂ 2 ਟੀਕੇ** ਲਵਾਏ ਹੋਏ ਹਨ, ਉਨ੍ਹਾਂ ਨੂੰ ਬਾਕੀ ਰਹਿੰਦੇ 1 ਜਾਂ 2 ਟੀਕੇ ਲਵਾਉਣੇ ਚਾਹੀਦੇ ਹਨ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਪਹਿਲੇ ਟੀਕੇ ਕਿੰਨਾ ਚਿਰ ਪਹਿਲਾਂ ਲਵਾਏ ਗਏ ਸਨ।

ਇਨ੍ਹਾਂ ਤਿੰਨ ਗਰੁੱਪਾਂ ਦੇ ਜਿਨ੍ਹਾਂ ਬਾਲਗਾਂ ਨੇ ਪਹਿਲਾਂ, ਪੋਲੀਓ ਦੇ **3 ਜਾਂ ਜ਼ਿਆਦਾ ਟੀਕੇ** (ਆਈ ਪੀ ਵੀ ਜਾਂ ਓ ਪੀ ਵੀ) ਲਵਾਏ ਹੋਏ ਹਨ, ਉਨ੍ਹਾਂ ਨੂੰ ਆਈ ਪੀ ਵੀ ਦਾ ਬੂਸਟਰ ਟੀਕਾ ਲਵਾਉਣਾ ਚਾਹੀਦਾ ਹੈ।

ਜ਼ਿਆਦਾ ਜਾਣਕਾਰੀ ਲਈ ਆਪਣੇ ਸਿਹਤ ਸੇਵਾਵਾਂ ਦੇਣ ਵਾਲੇ ਨੂੰ ਪੁੱਛੋ।

**ਪੋਲੀਓ ਦੀ ਵੈਕਸੀਨ ਦੀਆਂ ਬੂੰਦਾਂ: ਹੁਣ ਇਸ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ**

ਪੋਲੀਓ ਦੀ ਵੈਕਸੀਨ ਦੀਆਂ ਦੋ ਕਿਸਮਾਂ ਹਨ: **IPV,** ਇਹ ਇਕ ਟੀਕਾ ਹੈ ਜਿਸ ਦੀ ਸਿਫਾਰਸ਼ ਅੱਜ ਕੱਲ ਯੂਨਾਈਟਡ ਸਟੇਟਸ ਵਿਚ ਕੀਤੀ ਜਾਂਦੀ ਹੈ। ਅਤੇ ਪੋਲੀਓ ਦੀ ਵੈਕਸੀਨ ਦੀਆਂ ਬੂੰਦਾਂ **(OPV)** ਜਿਹੜੀਆਂ ਕਿ ਮੂੰਹ ਰਾਹੀਂ ਸਰੀਰ ਵਿਚ ਲਿਜਾਈਆਂ ਜਾਂਦੀਆਂ ਹਨ।

ਥੋੜ੍ਹਾ ਸਮਾਂ ਪਹਿਲਾਂ ਤੱਕ, ਯੂਨਾਈਟਡ ਸਟੇਟਸ ਵਿਚ ਬਹੁਤੇ ਬੱਚਿਆਂ ਲਈ OPV ਦੀ ਸਿਫਾਰਸ਼ ਕੀਤੀ ਜਾਂਦੀ ਸੀ। OPV ਨੇ, ਸਾਡੇ ਦੇਸ਼ ਵਿਚ ਪੋਲੀਓ ਨੂੰ ਖਤਮ ਕਰਨ ਵਿਚ ਮਦਦ ਕੀਤੀ, ਅਤੇ ਇਸ ਦੀ ਵਰਤੋਂ ਅਜੇ ਵੀ ਦੁਨੀਆਂ ਦੇ ਸਾਰੇ ਹਿੱਸਿਆਂ ਵਿਚ ਕੀਤੀ ਜਾਂਦੀ ਹੈ।

ਦੋਨੋਂ ਵੈਕਸੀਨਾਂ ਪੋਲੀਓ ਤੋਂ ਬਚਾਅ ਕਰਦੀਆਂ ਹਨ, ਪਰ OPV, ਦੂਜੇ ਲੋਕਾਂ ਤੱਕ ਪੋਲੀਓ ਫੈਲਣ ਤੋਂ ਰੋਕਣ ਲਈ ਬਿਹਤਰ ਹੈ। ਪਰ, ਕੁਝ ਲੋਕਾਂ (2.4 ਮਿਲੀਅਨ ਵਿਚ ਇਕ) ਵਿਚ OPV ਪੋਲੀਓ ਦਾ ਕਾਰਨ ਬਣ ਸਕਦੀ ਹੈ। ਕਿਉਂਕਿ ਹੁਣ ਯੂਨਾਈਟਡ ਸਟੇਟਸ ਵਿਚ ਪੋਲੀਓ ਦਾ ਖਤਰਾ ਬਹੁਤ ਘੱਟ ਹੈ, ਇਸ ਕਰਕੇ ਮਾਹਰਾਂ ਦਾ ਖਿਆਲ ਹੈ ਕਿ ਥੋੜ੍ਹੇ ਜਿਹੇ ਹਾਲਤਾਂ ਨੂੰ ਛੱਡ ਕੇ, ਇਸ ਦਾ ਥੋੜ੍ਹਾ ਜਿਹਾ ਖਤਰਾ ਵੀ ਮੁੱਲ ਨਹੀਂ ਲੈਣਾ ਚਾਹੀਦਾ, ਜਿਸ ਬਾਰੇ ਤੁਹਾਡਾ ਡਾਕਟਰ ਦੱਸ ਸਕਦਾ ਹੈ। ਪੋਲੀਓ ਦੇ ਟੀਕੇ (IPV) ਨਾਲ ਪੋਲੀਓ ਨਹੀਂ ਹੁੰਦਾ। **ਜੇ ਤੁਸੀਂ ਜਾਂ ਤੁਹਾਡਾ ਬੱਚਾ OPV ਲਵੋਗੇ ਤਾਂ OPV ਸਪਲੀਮੈਂਟਲ ਵੈਕਸੀਨ ਇਨਫਰਮੇਸ਼ਨ ਸਟੇਟਮੈਂਟ ਦੀ ਇਕ ਕਾਪੀ ਮੰਗੋ।**

## 4 ਕੁਝ ਲੋਕਾਂ ਨੂੰ ਪੋਲੀਓ ਦਾ ਲੋਦਾ ਨਹੀਂ ਲਵਾਉਣਾ ਚਾਹੀਦਾ ਜਾਂ ਉਨ੍ਹਾਂ ਨੂੰ ਉਡੀਕ ਕਰਨੀ ਚਾਹੀਦੀ ਹੈ

**ਇਨ੍ਹਾਂ ਲੋਕਾਂ ਨੂੰ ਪੋਲੀਓ ਦਾ ਲੋਦਾ ਨਹੀਂ ਲਵਾਉਣਾ ਚਾਹੀਦਾ:**

- ਜਿਨ੍ਹਾਂ ਨੂੰ ਕਦੇ ਵੀ **neomycin, streptomycin** ਜਾਂ **polymyxin B** ਨਾਂ ਦੇ ਐਂਟੀਬਾਇਐਟਕਸ ਤੋਂ ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲਾ ਅਲਰਜੀ ਦਾ ਰੀਐਕਸ਼ਨ ਹੋਇਆ ਹੈ।
- ਜਿਨ੍ਹਾਂ ਨੂੰ ਪੋਲੀਓ ਦੇ ਪਹਿਲਾਂ ਲਵਾਏ ਲੋਦੇ ਤੋਂ ਅਲਰਜੀ ਦਾ ਗੰਭੀਰ ਰੀਐਕਸ਼ਨ ਹੋਇਆ ਹੈ, ਉਨ੍ਹਾਂ ਨੂੰ ਹੋਰ ਲੋਦਾ ਨਹੀਂ ਲਵਾਉਣਾ ਚਾਹੀਦਾ।

**ਇਨ੍ਹਾਂ ਲੋਕਾਂ ਨੂੰ ਉਡੀਕ ਕਰਨੀ ਚਾਹੀਦੀ ਹੈ:**

- ਜਿਹੜੇ ਲੋਕ, ਲੋਦਾ ਲਵਾਉਣ ਲਈ ਮਿੱਥੇ ਸਮੇਂ, ਥੋੜ੍ਹੇ ਜਿਹੇ ਜਾਂ ਗੰਭੀਰ ਰੂਪ ਵਿਚ ਬੀਮਾਰ ਹਨ, ਉਨ੍ਹਾਂ ਨੂੰ ਆਮ ਤੌਰ ਤੇ ਪੋਲੀਓ ਦਾ ਲੋਦਾ ਲਵਾਉਣ ਦੀ ਉਦੋਂ ਤੱਕ ਉਡੀਕ ਕਰਨੀ ਚਾਹੀਦੀ ਹੈ, ਜਦੋਂ ਤੱਕ ਉਹ ਠੀਕ ਨਹੀਂ ਹੋ ਜਾਂਦੇ। ਜ਼ੁਕਾਮ ਵਰਗੀਆਂ ਮਾਮੂਲੀ ਬੀਮਾਰੀਆਂ ਵਾਲੇ ਲੋਕ ਲੋਦੇ ਲਵਾ ***ਸਕਦੇ*** ਹਨ।

ਜ਼ਿਆਦਾ ਜਾਣਕਾਰੀ ਲਈ ਆਪਣੇ ਡਾਕਟਰ ਜਾਂ ਨਰਸ ਨੂੰ ਪੁੱਛੋ।

## 5 ਪੋਲੀਓ ਦਾ ਲੋਦਾ ਲਵਾਉਣ ਦੇ ਕੀ ਖਤਰੇ ਹਨ?

ਪੋਲੀਓ ਦਾ ਲੋਦਾ ਲਵਾਉਣ ਵਾਲੇ ਕੁਝ ਲੋਕਾਂ ਦੇ, ਲੋਦਾ ਲਵਾਉਣ ਵਾਲੀ ਥਾਂ ਦੁਖਦੀ ਹੈ। ਅੱਜਕੱਲ ਵਰਤੀ ਜਾਂਦੀ ਵੈਸਕੀਨ ਨਾਲ ਕੋਈ ਵੀ ਗੰਭੀਰ ਸਮੱਸਿਆਵਾਂ ਹੋਣ ਬਾਰੇ ਜਾਣਕਾਰੀ ਨਹੀਂ ਮਿਲਦੀ, ਅਤੇ ਬਹੁਤੇ ਲੋਕਾਂ ਨੂੰ ਤਾਂ ਇਸ ਨਾਲ ਬਿਲਕੁਲ ਕੋਈ ਸਮੱਸਿਆ ਨਹੀਂ ਆਉਂਦੀ।

ਫਿਰ ਵੀ, ਕਿਸੇ ਵੀ ਬੀਮਾਰੀ ਦਾ ਲੋਦਾ, ਕਿਸੇ ਵੀ ਦਵਾਈ ਵਾਂਗ, ਗੰਭੀਰ ਸਮੱਸਿਆਵਾਂ ਪੈਦਾ ਕਰ ਸਕਦਾ ਹੈ, ਜਿਵੇਂ ਕਿ ਅਲਰਜੀ ਦਾ ਗੰਭੀਰ ਰੀਐਕਸ਼ਨ ਹੋਣਾ। *ਪੋਲੀਓ ਦੇ ਲੋਦੇ ਨਾਲ, ਗੰਭੀਰ ਨੁਕਸਾਨ, ਜਾਂ ਮੌਤ ਹੋਣ ਦੇ ਖਤਰੇ ਬਹੁਤ ਹੀ ਘੱਟ ਹਨ।*

## 6 ਜੇ ਗੰਭੀਰ ਰੀਐਕਸ਼ਨ ਹੋ ਜਾਵੇ ਤਾਂ ਕੀ ਹੋਵੇਗਾ?

**ਮੈਨੂੰ ਕੀ ਦੇਖਣਾ ਚਾਹੀਦਾ ਹੈ?**

ਕੋਈ ਵੀ ਅਸਾਧਾਰਣ ਹਾਲਤ, ਜਿਵੇਂ ਕਿ ਅਲਰਜੀ ਦਾ ਗੰਭੀਰ ਰੀਐਕਸ਼ਨ ਹੋਣਾ, ਤੇਜ਼ ਬੁਖਾਰ ਜਾਂ ਵਤੀਰੇ ਵਿਚ ਤਬਦੀਲੀਆਂ।

ਅਲਰਜੀ ਦਾ ਜੇ ਗੰਭੀਰ ਰੀਐਕਸ਼ਨ ਹੋਵੇ ਤਾਂ ਇਹ ਲੋਦਾ ਲੱਗਣ ਤੋਂ ਬਾਅਦ ਦੇ ਕੁਝ ਮਿੰਟਾਂ ਤੋਂ ਲੈ ਕੇ ਕੁਝ ਘੰਟਿਆਂ ਦੇ ਵਿਚ ਹੋਵੇਗਾ। ਅਲਰਜੀ ਦੇ ਗੰਭੀਰ ਰੀਐਕਸ਼ਨ ਦੀਆਂ ਨਿਸ਼ਾਨੀਆਂ ਵਿਚ, ਸਾਹ ਲੈਣ ਵਿਚ ਔਖਿਆਈ, ਕਮਜ਼ੋਰੀ, ਘੱਗੀ ਆਵਾਜ਼ ਜਾਂ ਸੂਕਣਾ, ਦਿਲ ਤੇਜ਼ ਧੜਕਣਾ, ਛਪਾਕੀ, ਚੱਕਰ ਆਉਣੇ, ਚਿਹਰੇ ਤੇ ਪਿਲੱਤਣ ਫਿਰਨੀ, ਜਾਂ ਸੰਘ ਦੀ ਸੋਜ ਸ਼ਾਮਲ ਹੋ ਸਕਦੇ ਹਨ।

**ਮੈਨੂੰ ਕੀ ਕਰਨਾ ਚਾਹੀਦਾ ਹੈ?**

- ਡਾਕਟਰ ਨੂੰ ਫੋਨ ਕਰੋ, ਜਾਂ ਉਸ ਵਿਅਕਤੀ ਨੂੰ ਫੌਰਨ ਡਾਕਟਰ ਕੋਲ ਲੈ ਕੇ ਜਾਵੋ।
- ਆਪਣੇ ਡਾਕਟਰ ਨੂੰ ਦੱਸੋ ਕਿ ਕੀ ਹੋਇਆ ਹੈ, ਕਿਸ ਤਰੀਕ ਅਤੇ ਸਮੇਂ ਹੋਇਆ ਹੈ, ਅਤੇ ਇਹ ਵੀ ਦੱਸੋ ਕਿ ਲੋਦਾ ਕਦੋਂ ਲਾਇਆ ਗਿਆ ਸੀ।
- ਆਪਣੇ ਡਾਕਟਰ, ਨਰਸ ਜਾਂ ਸਿਹਤ ਵਿਭਾਗ ਨੂੰ ਕਹੋ ਕਿ ਉਹ Vaccine Adverse Event Report (VAERS) (ਵੈਕਸੀਨ ਐਡਵਰਸ ਇਵੈਂਟ ਰਿਪੋਰਟ ਫਾਰਮ) ਭਰਨ ਜਾਂ ਤੁਸੀਂ ਆਪ VAERS ਨੂੰ **1-800 -822-7967** ਤੇ ਮੁਫਤ ਫੋਨ ਕਰੋ।

## 7 The National Vaccine Injury Compensation Program (ਨੈਸ਼ਨਲ ਵੈਕਸੀਨ ਇੰਜਰੀ ਕੰਪਨਸੇਸ਼ਨ ਪ੍ਰੋਗਰਾਮ)

ਜੇ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਗੰਭੀਰ ਰੀਐਕਸ਼ਨ, ਜੋ ਕਿ ਬਹੁਤ ਘੱਟ ਹੁੰਦਾ ਹੈ, ਹੋ ਜਾਵੇ ਤਾਂ ਰੀਐਕਸ਼ਨ ਨਾਲ ਬੀਮਾਰ ਹੋਏ ਵਿਅਕਤੀਆਂ ਦੀ ਸੰਭਾਲ ਲਈ ਖਰਚਾ ਦੇਣ ਵਿਚ ਸਹਾਇਤਾ ਕਰਨ ਲਈ ਇਕ ਫੈਡਰਲ ਪ੍ਰੋਗਰਾਮ ਬਣਾਇਆ ਗਿਆ ਹੈ।

The National Vaccine Injury Compensation Program ਬਾਰੇ ਹੋਰ ਜਾਣਕਾਰੀ ਲੈਣ ਲਈ **1-800-338-2382** ਤੇ ਫੋਨ ਕਰੋ ਜਾਂ **http://www.hrsa.gov/osp/vicp/** ਤੇ ਪ੍ਰੋਗਰਾਮ ਦਾ ਵੈੱਬਸਾਈਟ ਦੇਖੋ।

## 8 ਮੈਨੂੰ ਹੋਰ ਜਾਣਕਾਰੀ ਕਿਵੇਂ ਮਿਲ ਸਕਦੀ ਹੈ?

- ਆਪਣੇ ਡਾਕਟਰ ਜਾਂ ਨਰਸ ਨੂੰ ਪੁੱਛੋ। ਉਹ ਤੁਹਾਨੂੰ ਵੈਕਸੀਨ ਬਾਰੇ ਲਿਖਤੀ ਜਾਣਕਾਰੀ ਦੇ ਸਕਦੇ ਹਨ ਜਾਂ ਜਾਣਕਾਰੀ ਦੇ ਕਿਸੇ ਹੋਰ ਸਰੋਤ ਬਾਰੇ ਦੱਸ ਸਕਦੇ ਹਨ।
- ਆਪਣੇ ਸਥਾਨਕ ਜਾਂ ਸਟੇਟ ਦੇ ਹੈਲਥ ਡਿਪਾਰਟਮੈਂਟ ਦੇ ਇਮਿਊਨਾਈਜ਼ੇਸ਼ਨ ਪ੍ਰੋਗਰਾਮ ਨੂੰ ਫੋਨ ਕਰੋ।
- Centers for Disease Control and Prevention (CDC) ਨਾਲ ਸੰਪਰਕ ਕਰੋ:
  - **Call 1-800-232-4636 (1-800-CDC-INFO)**
  - **http://www.cdc.gov/nip** ਤੇ ਨੈਸ਼ਨਲ ਇਮਿਊਨਾਈਜ਼ੇਸ਼ਨ ਪ੍ਰੋਗਰਾਮ ਦਾ ਵੈੱਬਸਾਈਟ ਦੇਖੋ।


CDC
CENTERS FOR DISEASE CONTROL AND PREVENTION

**U.S. DEPARTMENT OF HEALTH & HUMAN SERVICES**
Centers for Disease Control and Prevention
National Immunization Program

Vaccine Information Statement
Polio IMM 548 ML Punjabi (1/1/2000)
Translated by Transcend Translations, Davis, CA
http://www.transcend.net